# ਔਰਤਾਂ ਲਈ ਘਰੇਲੂ ਹਿੰਸਾ ਸੰਬੰਧੀ ਅਦਾਲਤੀ ਵਕਾਲਤ ਸੇਵਾਵਾਂ



## ਸਹਾਇਤਾ ਦੀ ਲੋੜ ਹੈ? ਅਸੀਂ ਤੁਹਾਡੇ ਲਈ ਉਪਲਬਧ ਹਾਂ!

ਘਰੇਲੂ ਅਤੇ ਪਰਿਵਾਰਕ ਹਿੰਸਾ ਬਾਰੇ ਜਾਣਕਾਰੀ ਅਤੇ ਅਦਾਲਤ ਵਿੱਚ ਮੱਦਦ

women's domestic violence court advocacy services

Legal Aid NEW SOUTH WALES

© Legal Aid Commission of NSW 2023

ਇਹ ਪ੍ਰਕਾਸ਼ਨ ਕਾਨੂੰਨ ਲਈ ਇੱਕ ਆਮ ਗਾਈਡ ਹੈ। ਤੁਹਾਨੂੰ ਕਾਨੂੰਨੀ ਸਲਾਹ ਵਜੋਂ ਇਸ ’ਤੇ ਭਰੋਸਾ ਨਹੀਂ ਕਰਨਾ ਚਾਹੀਦਾ, ਅਤੇ ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਆਪਣੀ ਸਥਿਤੀ ਬਾਰੇ ਕਿਸੇ ਵਕੀਲ ਨਾਲ ਗੱਲ ਕਰੋ। ਛਪਾਈ ਦੇ ਸਮੇਂ ਇਹ ਜਾਣਕਾਰੀ ਸਹੀ ਹੈ; ਹਾਲਾਂਕਿ, ਇਹ ਬਦਲ ਸਕਦੀ ਹੈ।

ਵਧੇਰੀ ਜਾਣਕਾਰੀ ਲਈ **1800 WDVCAS (1800 938 227)** ’ਤੇ ਫ਼ੋਨ ਕਰੋ।

www.legalaid.nsw.gov.au/ways-to-get-help/publications-and-resources ’ਤੇ ਔਨਲਾਈਨ ਬਰੋਸ਼ਰ ਆਰਡਰ ਕਰੋ।

## Languages

This brochure is available in Arabic, Bengali, Chinese (Traditional) Chinese (Simplified), Dari/Farsi, English, Fijian, Hindi, Indonesian, Korean, Punjabi, Samoan, Spanish, Tagalog, Thai, Tongan, Vietnamese.

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਵਿੱਚ ਮੱਦਦ ਦੀ ਲੋੜ ਹੈ ਤਾਂ 131 450 ’ਤੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਨੂੰ ਫ਼ੋਨ ਕਰੋ (ਸਵੇਰੇ 9 ਵਜੇ-ਸ਼ਾਮ 5 ਵਜੇ)।

## ਕੀ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਮੁਸ਼ਕਲ ਹੁੰਦੀ ਹੈ?

ਜੇਕਰ ਤੁਸੀਂ ਬੋਲੇ ਹੋ, ਜਾਂ ਤੁਹਾਨੂੰ ਸੁਣਨ ਜਾਂ ਬੋਲਣ ਦੀ ਕਮਜ਼ੋਰੀ ਹੈ, ਤਾਂ www.accesshub.gov.au/about-the-nrs ਨੈਸ਼ਨਲ ਰੀਲੇ ਸਰਵਿਸ (NRS) ਰਾਹੀਂ ਸਾਡੇ ਨਾਲ ਸੰਪਰਕ ਕਰੋ।

ਲੀਗਲ ਏਡ NSW ਦੁਆਰਾ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ।

## ਅਸੀਂ ਕੌਣ ਹਾਂ

ਔਰਤਾਂ ਲਈ ਘਰੇਲੂ ਹਿੰਸਾ ਸੰਬੰਧੀ ਅਦਾਲਤੀ ਵਫ਼ੋਨਤ ਸੇਵਾਵਾਂ (WDVCAS) ਘਰੇਲੂ ਅਤੇ ਪਰਿਵਾਰਕ ਹਿੰਸਾ (DFV) ਅਤੇ ਅਦਾਲਤ ਤੋਂ ਸੁਰੱਖਿਆ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਅਤੇ ਮੱਦਦ ਦੀ ਭਾਲ ਕਰਨ ਵਾਲੀਆਂ ਔਰਤਾਂ ਅਤੇ ਬੱਚਿਆਂ ਲਈ ਸਥਾਨਕ, ਕਮਿਊਨਿਟੀ-ਆਧਾਰਿਤ ਸੇਵਾਵਾਂ ਹਨ।

ਇਨ੍ਹਾਂ ਸੇਵਾਵਾਂ ਨੂੰ ਲੀਗਲ ਏਡ NSW (Legal Aid NSW) ਦੁਆਰਾ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ।

## ਅਦਾਲਤ ਵਿੱਚ ਜਾਣ ਤੋਂ ਪਹਿਲਾਂ

ਜੇਕਰ ਤੁਹਾਡਾ ਘਰੇਲੂ ਹਿੰਸਾ ਦਾ ਮਾਮਲਾ ਹੈ ਜੋ ਅਦਾਲਤ ਵਿੱਚ ਜਾ ਰਿਹਾ ਹੈ, ਤਾਂ WDVCAS ਤੁਹਾਨੂੰ ਜ਼ਰੂਰੀ ਜਾਣਕਾਰੀ ਦੇ ਸਕਦੀਆਂ ਹਨ। ਉਹ ਤੁਹਾਨੂੰ ਮੱਦਦ ਲਈ ਹੋਰ ਏਜੰਸੀਆਂ ਅਤੇ ਸੇਵਾਵਾਂ ਕੋਲ ਵੀ ਭੇਜ ਸਕਦੀਆਂ ਹਨ।

## ਅਦਾਲਤ ਵਿੱਚ

WDVCAS ਇਹ ਯਕੀਨੀ ਬਣਾਉਣਗੀਆਂ ਕਿ ਤੁਹਾਡੇ ਕੋਲ ਅਦਾਲਤ ਵਿੱਚ ਬੈਠਣ ਦੀ ਸੁਰੱਖਿਅਤ ਥਾਂ ਹੈ, ਤੁਹਾਨੂੰ ਇਸ ਬਾਰੇ ਜਾਣਕਾਰੀ ਦੇਣਗੀਆਂ ਕਿ ਕੀ ਵਾਪਰ ਰਿਹਾ ਹੈ ਅਤੇ ਤੁਹਾਡੀ ਸਥਿਤੀ ਲਈ ਸਭ ਤੋਂ ਵਧੀਆ ਨਤੀਜਾ ਪ੍ਰਾਪਤ ਕਰਨ ਲਈ ਤੁਹਾਡੇ ਨਾਲ ਕੰਮ ਕਰਨਗੀਆਂ। ਉਹ ਤੁਹਾਡੇ ਕੇਸ ਬਾਰੇ ਭਵਿੱਖ ਵਿਚਲੀਆਂ ਅਦਾਲਤ ਦੀਆਂ ਸੁਣਵਾਈ ਤਾਰੀਖਾਂ ਸਮੇਤ ਤੁਹਾਨੂੰ ਤੁਹਾਡੇ ਕੇਸ ਬਾਰੇ ਤਾਜ਼ਾ ਜਾਣਕਾਰੀ ਨਾਲ ਸੂਚਿਤ ਰੱਖਣਗੀਆ।

## ਅਦਾਲਤ ਵਿੱਚ ਜਾਣ ਤੋਂ ਬਾਅਦ

WDVCAS ਤੁਹਾਨੂੰ ਅਜਿਹੀਆਂ ਹੋਰ ਸੇਵਾਵਾਂ ਕੋਲ ਵੀ ਭੇਜ ਸਕਦੀਆਂ ਹਨ ਜੋ ਰਿਹਾਇਸ਼, ਆਮਦਨੀ ਸਹਾਇਤਾ, ਬੱਚਿਆਂ ਦੀਆਂ ਲੋੜਾਂ, ਪਰਿਵਾਰਕ ਕਾਨੂੰਨ ਅਤੇ ਸਲਾਹ ਲੈਣ ਵਿੱਚ ਤੁਹਾਡੀ ਮੱਦਦ ਕਰ ਸਕਦੀਆਂ ਹਨ। ਉਹ ਤੁਹਾਨੂੰ ਇਸ ਬਾਰੇ ਜਾਣਕਾਰੀ ਦੇ ਸਕਦੀਆਂ ਹਨ ਕਿ ਜੇਕਰ ਦੁਰਵਿਵਹਾਰ ਜਾਰੀ ਰਹਿੰਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ।

WDVCAS ਸਾਰੀਆਂ ਔਰਤਾਂ ਲਈ ਸੱਭਿਆਚਾਰਕ ਤੌਰ ’ਤੇ ਸੁਰੱਖਿਅਤ ਸੇਵਾਵਾਂ ਹਨ। ਸਾਡੇ ਕੋਲ ਸੱਭਿਆਚਾਰਕ ਅਤੇ ਭਾਸ਼ਾਈ ਤੌਰ ’ਤੇ ਵਿਭਿੰਨ ਕਰਮਚਾਰੀ ਹਨ ਜੋ ਤੁਹਾਡੀ ਸਹਾਇਤਾ ਕਰ ਸਕਦੇ ਹਨ।



# ਅਨੁਮਾਨਤ ਹਿੰਸਾ ਨੂੰ ਰੋਕਣ ਦੇ ਆਦੇਸ਼ਾਂ ਬਾਰੇ (ਐਪ੍ਰਿਹੇਂਡਡ ਵਾਇਲੈਂਸ ਆਰਡਰ)

## AVO ਕੀ ਹੁੰਦਾ ਹੈ?

AVO ਅਨੁਮਾਨਤ ਹਿੰਸਾ ਨੂੰ ਰੋਕਣ ਲਈ ਦਿੱਤਾ ਇੱਕ ਆਦੇਸ਼ ਹੁੰਦਾ ਹੈ। ਇਹ ਘਰੇਲੂ ਹਿੰਸਾ ਦੇ ਪੀੜਿਤਾਂ ਨੂੰ ਆਪਣੀ ਸੁਰੱਖਿਆ ਬਾਰੇ ਡਰ ਮਹਿਸੂਸ ਹੋਣ 'ਤੇ ਉਨ੍ਹਾਂ ਦੀ ਸੁਰੱਖਿਆ ਕਰਨ ਲਈ ਇੱਕ ਆਦੇਸ਼ ਹੁੰਦਾ ਹੈ। ਇਨ੍ਹਾਂ ਨੂੰ ਕਦੇ-ਕਦਾਈਂ ਰੋਕਥਾਮ ਆਦੇਸ਼ ਜਾਂ ਸੁਰੱਖਿਆ ਆਦੇਸ਼ ਵੀ ਕਿਹਾ ਜਾਂਦਾ ਹੈ।

## AVO ਦੋ ਕਿਸਮਾਂ ਦੇ ਹੁੰਦੇ ਹਨ:

**ਅਨੁਮਾਨਤ ਘਰੇਲੂ ਹਿੰਸਾ ਨੂੰ ਰੋਕਣ ਦਾ ਆਦੇਸ਼ (ADVO)।** ਇਹ ਉੱਥੇ ਜਾਰੀ ਕੀਤਾ ਜਾਂਦਾ ਹੈ ਜਿੱਥੇ ਸ਼ਾਮਲ ਲੋਕ ਆਪਸ ਵਿੱਚ ਸੰਬੰਧ ਰੱਖਦੇ ਜਾਂ ਕਿਸੇ ਰਿਸ਼ਤੇ ਵਿੱਚ ਹੁੰਦੇ ਹਨ।

**ਅਨੁਮਾਨਤ ਨਿੱਜੀ ਹਿੰਸਾ ਨੂੰ ਰੋਕਣ ਦਾ ਆਦੇਸ਼ (APVO)।** ਇਹ ਉੱਥੇ ਜਾਰੀ ਕੀਤਾ ਜਾਂਦਾ ਹੈ ਜਿੱਥੇ ਸ਼ਾਮਲ ਲੋਕ ਆਪਸ ਵਿੱਚ ਸੰਬੰਧਿਤ ਨਹੀਂ ਹੁੰਦੇ ਜਾਂ ਉਨ੍ਹਾਂ ਵਿੱਚ ਕੋਈ ਰਿਸ਼ਤਾ ਨਹੀਂ ਹੁੰਦਾ ਹੈ, ਉਦਾਹਰਨ ਲਈ, ਉਹ ਗੁਆਂਢੀ ਹੁੰਦੇ ਹਨ ਜਾਂ ਸਹਿ-ਕਰਮਚਾਰੀ ਹੁੰਦੇ ਹਨ।

AVO ਕੋਈ ਅਪਰਾਧਕ ਦੋਸ਼ ਨਹੀਂ ਹੁੰਦਾ ਹੈ। ਇਹ ਤੁਹਾਡੀ ਭਵਿੱਖ ਦੀ ਸੁਰੱਖਿਆ ਲਈ ਇੱਕ ਆਦੇਸ਼ ਹੁੰਦਾ ਹੈ। AVO ਦੂਜੇ ਵਿਅਕਤੀ ਦੇ ਵਿਵਹਾਰ 'ਤੇ ਸੀਮਾਵਾਂ ਨਿਰਧਾਰਤ ਕਰਦਾ ਹੈ, ਤਾਂ ਜੋ ਤੁਸੀਂ ਸੁਰੱਖਿਅਤ ਮਹਿਸੂਸ ਕਰ ਸਕੋ। ਜੇਕਰ ਤੁਹਾਡੇ ਬੱਚੇ ਹਨ, ਤਾਂ ਇਹ ਆਦੇਸ਼ ਉਨ੍ਹਾਂ ਦੀ ਸੁਰੱਖਿਆ ਵੀ ਕਰੇਗਾ।

## ਮੈਂ AVO ਲਈ ਅਰਜ਼ੀ ਕਿਵੇਂ ਦੇਵਾਂ?

AVO ਲਈ ਅਰਜ਼ੀ ਦੇਣ ਦੇ ਦੋ ਤਰੀਕੇ ਹਨ। ਤੁਸੀਂ ਆਪਣੀ ਸਥਾਨਕ ਅਦਾਲਤ ਵਿੱਚ ਨਿੱਜੀ ਤੌਰ 'ਤੇ ਅਰਜ਼ੀ ਦੇ ਸਕਦੇ ਹੋ, ਜਾਂ ਪੁਲਿਸ ਤੁਹਾਡੇ ਲਈ ਅਰਜ਼ੀ ਦੇ ਸਕਦੀ ਹੈ। WDVCAS ਦੋਵਾਂ ਨਿੱਜੀ ਤੌਰ 'ਤੇ ਅਤੇ ਪੁਲਿਸ ਦੁਆਰਾ ਦਿੱਤੀਆਂ ਅਰਜ਼ੀਆਂ, ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੀਆਂ ਹਨ ਅਤੇ ਜੇਕਰ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਉਹ ਤੁਹਾਡੇ ਲਈ ਉਸਨੂੰ ਪ੍ਰਾਪਤ ਕਰਨ ਦਾ ਪ੍ਰਬੰਧ ਕਰਨਗੀਆਂ।

WDVCAS ਅਦਾਲਤ ਦੀ ਪ੍ਰਕਿਰਿਆ ਦੱਸਣਗੀਆਂ। ਉਹ ਇਹ ਕੋਸ਼ਿਸ਼ ਕਰਨ ਅਤੇ ਯਕੀਨੀ ਬਣਾਉਣ ਲਈ ਤੁਹਾਡੇ, ਪੁਲਿਸ, ਜਾਂ ਤੁਹਾਡੇ ਵਕੀਲ ਨਾਲ ਕੰਮ ਕਰਨਗੀਆਂ ਕਿ ਤੁਹਾਡੇ AVO ਦੀਆਂ ਸ਼ਰਤਾਂ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਹਨ। ਤੁਹਾਡੀ ਮੱਦਦ ਕਰਨ ਲਈ ਇਸ ਬਾਰੇ ਵੀ ਜਾਣਕਾਰੀ ਦਿੱਤੀ ਜਾ ਸਕਦੀ ਹੈ ਕਿ ਕੀ ਦੂਜੇ ਵਿਅਕਤੀ 'ਤੇ ਪੁਲਿਸ ਦੁਆਰਾ ਅਪਰਾਧਿਕ ਦੋਸ਼ ਲਗਾਇਆ ਗਿਆ ਹੈ।

## ਕੀ ਮੈਨੂੰ ਅਦਾਲਤ ਵਿੱਚ ਜਾਣ ਦੀ ਲੋੜ ਹੈ?

ਹਾਂ। ਤੁਹਾਡੇ ਲਈ ਅਦਾਲਤ ਵਿੱਚ ਜਾਣਾ ਸਭ ਤੋਂ ਵਧੀਆ ਹੈ, ਤਾਂ ਜੋ ਅਦਾਲਤ ਕੋਲ ਤੁਹਾਡੇ ਮਾਮਲੇ ਬਾਰੇ ਤਾਜ਼ਾ ਜਾਣਕਾਰੀ ਹੋਵੇ ਅਤੇ ਅਦਾਲਤ ਇਹ ਜਾਣਦੀ ਹੋਵੇ ਕਿ ਤੁਸੀਂ ਆਪਣੀ ਸਥਿਤੀ ਬਾਰੇ ਕੀ ਕਰਨਾ ਚਾਹੁੰਦੇ ਹੋ। WDVCAS ਦੇ ਕਰਮਚਾਰੀ ਤੁਹਾਡੀ ਮੱਦਦ ਕਰਨ ਲਈ ਅਦਾਲਤ ਵਿੱਚ ਮੌਜੂਦ ਹੋਣਗੇ। ਉਹ ਇਹ ਦੱਸਣਗੇ ਕਿ ਕੀ ਵਾਪਰ ਰਿਹਾ ਹੈ ਅਤੇ ਤੁਹਾਡੀਆਂ ਮੌਜੂਦਾ ਜ਼ਰੂਰਤਾਂ ਲਈ ਹੋਰ ਜਾਣਕਾਰੀ ਪ੍ਰਦਾਨ ਕਰਨਗੇ।

## ਮੈਂ ਆਪਣੀ/ਆਪਣੇ ਸਾਥੀ ਨਾਲ ਰਹਿਣਾ ਚਾਹੁੰਦੀ ਹਾਂ। ਕੀ ਔਰਤਾਂ ਲਈ ਘਰੇਲੂ ਹਿੰਸਾ ਸੰਬੰਧੀ ਅਦਾਲਤੀ ਵਕਾਲਤ ਸੇਵਾਵਾਂ ਮੇਰੀ ਮੱਦਦ ਕਰ ਸਕਦੀਆਂ ਹਨ?

ਹਾਂ। ਤੁਸੀਂ ਅਜੇ ਵੀ ਇੱਕ AVO ਲਈ ਅਰਜ਼ੀ ਦੇ ਸਕਦੇ ਹੋ ਜੋ ਤੁਹਾਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ਪਰ ਨਾਲ ਹੀ ਤੁਹਾਨੂੰ ਆਪਣੇ ਸਾਥੀ ਨਾਲ ਰਹਿਣ ਦੀ ਇਜਾਜ਼ਤ ਦਿੰਦਾ ਹੈ। ਅਜਿਹੀਆਂ ਕਈ ਵੱਖੋ-ਵੱਖ ਸਥਿਤੀਆਂ ਹਨ ਜੋ ਕਿਸੇ ਆਦੇਸ਼ ਵਿੱਚ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਤਾਂ ਜੋ ਉਹ ਤੁਹਾਡੀ ਸਥਿਤੀ ਮੁਤਾਬਕ ਢੁੱਕਵਾਂ ਹੋਵੇ ਅਤੇ WDVCAS ਉਨ੍ਹਾਂ ਬਾਰੇ ਤੁਹਾਡੇ ਨਾਲ ਚਰਚਾ ਕਰਨਗੀਆਂ।

ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਹੀ ਇੱਕ ਆਦੇਸ਼ ਹੈ ਪਰ ਤੁਹਾਡੀ ਸਥਿਤੀ ਬਦਲ ਗਈ ਹੈ, ਤਾਂ ਤੁਸੀਂ ਆਪਣਾ AVO ਬਦਲਣ ਬਾਰੇ WDVCAS ਨਾਲ ਗੱਲ ਕਰ ਸਕਦੇ ਹੋ।

## ਜੇਕਰ ਮੈਂ AVO ਨਹੀਂ ਚਾਹੁੰਦੀ ਤਾਂ ਕੀ ਹੋਵੇਗਾ?

ਭਾਵੇਂ ਤੁਸੀਂ ਮਹਿਸੂਸ ਕਰਦੇ ਹੋ ਕਿ ਹਾਲਾਤ ਸਥਿਰ ਹੋ ਚੁੱਕੇ ਹਨ, ਤੁਹਾਡੇ ਦੁਆਰਾ ਆਪਣੀ ਅਰਜ਼ੀ ਵਾਪਸ ਲੈਣ ਬਾਰੇ ਸੋਚਣ ਤੋਂ ਪਹਿਲਾਂ ਇਸ ਸੰਬੰਧੀ ਸਲਾਹ ਲੈਣਾ ਸਭ ਤੋਂ ਵਧੀਆ ਹੈ।

ਯਾਦ ਰੱਖੋ, ਇਹ ਕੋਈ ਅਪਰਾਧਕ ਦੋਸ਼ ਨਹੀਂ ਹੁੰਦਾ ਹੈ, ਇਹ ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਭਵਿੱਖ ਵਿੱਚ ਹਿੰਸਾ ਅਤੇ ਦੁਰਵਿਵਹਾਰ ਤੋਂ ਸੁਰੱਖਿਅਤ ਰੱਖਣ ਨਾਲ ਸੰਬੰਧਿਤ ਹੈ। WDVCAS ਤੁਹਾਨੂੰ ਜਾਣਕਾਰੀ ਦੇ ਸਕਦੀਆਂ ਹਨ ਅਤੇ AVO ਬਾਰੇ ਤੁਹਾਡੀ ਅਰਜ਼ੀ ਬਾਰੇ ਤੁਹਾਡੀ ਕਿਸੇ ਵੀ ਫ਼ਿਕਰ ’ਤੇ ਚਰਚਾ ਕਰ ਸਕਦੀਆਂ ਹਨ।

ਜੇਕਰ ਪੁਲਿਸ ਨੇ AVO ਲਈ ਅਰਜ਼ੀ ਦਿੱਤੀ ਹੈ, ਤਾਂ ਹੋ ਸਕਦਾ ਹੈ ਤੁਸੀਂ ਅਰਜ਼ੀ ਵਾਪਸ ਨਾ ਲੈ ਸਕੋ, ਖ਼ਾਸ ਤੌਰ ’ਤੇ ਜੇਕਰ ਬੱਚੇ ਵੀ ਸ਼ਾਮਲ ਹਨ, ਜਾਂ ਜੇ ਪੁਲਿਸ ਦਾ ਮੰਨਣਾ ਹੈ ਕਿ ਕੋਈ ਜੁਰਮ ਕੀਤਾ ਗਿਆ ਹੈ ਜਾਂ ਹੋਣ ਦੀ ਸੰਭਾਵਨਾ ਹੈ।

WDVCAS ਇਸ ਬਾਰੇ ਹੋਰ ਜਾਣਕਾਰੀ ਦੇ ਸਕਦੀਆਂ ਹਨ।



## ਜੇਕਰ ਜਵਾਬਦੇਹ (ਬਚਾਓ ਪੱਖ) AVO ਦੀਆਂ ਸ਼ਰਤਾਂ ਵਿੱਚੋਂ ਕਿਸੇ ਇੱਕ ਦੀ ਉਲੰਘਣਾ ਕਰਦਾ ਹੈ (AVO ਨੂੰ ਭੰਗ ਕਰਦਾ ਹੈ) ਤਾਂ ਕੀ ਹੋਵੇਗਾ?

ਕਿਸੇ ਵੀ ਐਮਰਜੈਂਸੀ ਵਿੱਚ '000' 'ਤੇ ਫ਼ੋਨ ਕਰੋ ਅਤੇ ਪੁਲਿਸ ਸਹਾਇਤਾ ਦੀ ਮੰਗ ਕਰੋ।

AVO ਦੀ ਉਲੰਘਣਾ ਕਰਨਾ ਇੱਕ ਅਪਰਾਧਿਕ ਜੁਰਮ ਹੈ। ਤੁਹਾਨੂੰ AVO ਦੀ ਹਰੇਕ ਉਲੰਘਣਾ ਦੀ ਜਾਣਕਾਰੀ ਪੁਲਿਸ ਨੂੰ ਦੇਣੀ ਚਾਹੀਦੀ ਹੈ। ਪੁਲਿਸ ਜਾਂਚ-ਪੜਤਾਲ ਕਰ ਕੇ ਇਹ ਫ਼ੈਸਲਾ ਕਰੇਗੀ ਕਿ ਜਵਾਬਦੇਹ 'ਤੇ AVO ਦੀ ਉਲੰਘਣਾ ਕਰਨ ਦਾ ਦੋਸ਼ ਲਗਾਉਣਾ ਹੈ ਜਾਂ ਨਹੀਂ।

## ਅਦਾਲਤ ਵੱਲੋਂ AVO ਜਾਰੀ ਹੋਣ ਤੋਂ ਬਾਅਦ ਕੀ ਹੁੰਦਾ ਹੈ?

ਜੇਕਰ ਅਦਾਲਤ ਵੱਲੋਂ AVO ਜਾਰੀ ਕੀਤਾ ਗਿਆ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਇਸਦੀ ਇੱਕ ਕਾਪੀ ਪ੍ਰਾਪਤ ਕਰੋ। ਕਿਰਪਾ ਕਰਕੇ WDVCAS ਨਾਲ ਇਸ ਬਾਰੇ ਗੱਲ ਕਰੋ।

AVO ਦੀਆਂ ਕਈ ਕਾਪੀਆਂ ਬਣਾਓ ਅਤੇ ਹਮੇਸ਼ਾ ਇਸਦੀ ਇੱਕ ਕਾਪੀ ਆਪਣੇ ਕੋਲ ਰੱਖੋ। ਹੋ ਸਕਦਾ ਹੈ ਤੁਸੀਂ ਬੱਚਿਆਂ ਦੇ ਸਕੂਲ ਵਿੱਚ ਇੱਕ ਕਾਪੀ ਦੇਣਾ ਚਾਹੋ, ਇੱਕ ਕਾਪੀ ਕਾਰ, ਕੰਮ ਦੀ ਥਾਂ ਅਤੇ ਘਰ ਵਿੱਚ ਰੱਖਣਾ ਚਾਹੋ।

ਜੇਕਰ ਤੁਹਾਨੂੰ ਕਿਸੇ ਵੀ ਹੋਰ ਜਾਣਕਾਰੀ ਜਾਂ ਮੱਦਦ ਦੀ ਲੋੜ ਹੈ ਤਾਂ WDVCAS ਨੂੰ ਫ਼ੋਨ ਕਰੋ। ਆਪਣੀ ਨਜ਼ਦੀਕੀ WDVCAS ਨੂੰ ਲੱਭਣ ਲਈ, **1800 WDVCAS (1800 938 227)** 'ਤੇ ਫ਼ੋਨ ਕਰੋ।

## ਅਦਾਲਤ ਵਿੱਚ ਵਰਤੀ ਜਾਂਦੀ ਆਮ ਸ਼ਬਦਾਵਲੀ ਜਾਂ ਸ਼ਬਦ

### ਸਹਿਮਤੀ

ਕਦੇ-ਕਦਾਈਂ ਜਵਾਬਦੇਹ ਆਪਣੇ ਖ਼ਿਲਾਫ਼ ਜਾਰੀ ਕੀਤੇ ਜਾ ਰਹੇ AVO ਲਈ ਸਹਿਮਤ ਹੋਵੇਗਾ। ਜੇਕਰ ਅਜਿਹਾ ਹੈ, ਤਾਂ ਬਾਅਦ ਵਿੱਚ ਕਿਸੇ ਤਾਰੀਖ਼ 'ਤੇ ਮਾਮਲੇ ਦੀ ਸੁਣਵਾਈ ਕਰਨ ਦੀ ਲੋੜ ਨਹੀਂ ਹੋਵੇਗੀ। ਜਵਾਬਦੇਹ 'ਕਬੂਲਣ ਤੋਂ ਬਗ਼ੈਰ' ਸਹਿਮਤੀ ਦੇ ਸਕਦਾ ਹੈ ਜਿਸਦਾ ਮਤਲਬ ਹੈ ਕਿ ਉਹ AVO ਨਾਲ ਸਹਿਮਤ ਹੈ ਪਰ AVO ਦੀ ਅਰਜ਼ੀ ਵਿੱਚ ਮੌਜੂਦ ਜਾਣਕਾਰੀ ਨੂੰ ਕਬੂਲ ਨਹੀਂ ਕਰਦਾ ਹੈ।

### ਅਦਾਲਤ ਦੀ ਸੂਚੀ

ਇਹ ਅਦਾਲਤ ਦੁਆਰਾ ਹਰ ਰੋਜ਼ ਸੁਣੇ ਜਾ ਰਹੇ ਮਾਮਲਿਆਂ ਦੀ ਸੂਚੀ ਹੁੰਦੀ ਹੈ। ਕੁੱਝ ਅਦਾਲਤਾਂ ਵਿੱਚ ਇੱਕ AVO ਸੂਚੀ ਦਿਹਾੜਾ ਹੁੰਦਾ ਹੈ ਤਾਂ ਜੋ AVO ਦੇ ਜ਼ਿਆਦਾਤਰ ਮਾਮਲੇ ਹਰ ਹਫ਼ਤੇ ਉਸੇ ਦਿਨ ਸੁਣੇ ਜਾਂਦੇ ਹਨ।

### ਕ੍ਰਾਸ-ਐਪਲੀਕੇਸ਼ਨ

ਕਦੇ-ਕਦਾਈਂ ਕਿਸੇ AVO ਮਾਮਲੇ ਵਿੱਚ ਜਵਾਬਦੇਹ ਵੀ ਸੁਰੱਖਿਅਤ ਵਿਅਕਤੀ ਦੇ ਖ਼ਿਲਾਫ਼ AVO ਲੈਣ ਲਈ ਅਰਜ਼ੀ ਦੇਵੇਗਾ। ਜੇਕਰ ਤੁਹਾਡੇ ਨਾਲ ਅਜਿਹਾ ਵਾਪਰਦਾ ਹੈ, ਤਾਂ ਮੱਦਦ ਲਈ ਸਿੱਧਾ ਆਪਣੀਆਂ ਸਥਾਨਕ WDVCAS ਨਾਲ ਸੰਪਰਕ ਕਰੋ ਜਾਂ ਕਾਨੂੰਨੀ ਸਲਾਹ ਪ੍ਰਾਪਤ ਕਰੋ।

### ਜਵਾਬਦੇਹ (ਬਚਾਓ ਪੱਖ)

ਉਹ ਵਿਅਕਤੀ ਜਿਸਦੇ ਖ਼ਿਲਾਫ਼ AVO ਹੈ।

### ਅੰਤਿਮ ਆਦੇਸ਼

ਉਹ ਆਦੇਸ਼ ਜੋ ਅਦਾਲਤ ਦੀ ਕਾਰਵਾਈ ਖ਼ਤਮ ਹੋਣ 'ਤੇ ਜਾਰੀ ਕੀਤਾ ਜਾਂਦਾ ਹੈ। ਇਹ ਓਦੋਂ ਤੱਕ ਕਾਇਮ ਰਹਿੰਦਾ ਹੈ ਜਦੋਂ ਤੱਕ ਅਦਾਲਤ ਨੂੰ ਲੱਗਦਾ ਹੈ ਕਿ ਇਹ ਤੁਹਾਡੇ ਲਈ ਜ਼ਰੂਰੀ ਹੈ। AVO ਦੀ ਮਿਆਰੀ ਮਿਆਦ ਦੋ ਸਾਲ ਹੁੰਦੀ ਹੈ। ਤੁਹਾਨੂੰ ਓਦੋਂ ਤੱਕ ਅਦਾਲਤ ਵਿੱਚ ਵਾਪਸ ਜਾਣ ਦੀ ਲੋੜ ਨਹੀਂ ਹੈ ਜਦੋਂ ਤੱਕ ਤੁਹਾਨੂੰ ਆਦੇਸ਼ ਵਿੱਚ ਮੌਜੂਦ ਸ਼ਰਤਾਂ ਨੂੰ ਬਦਲਣ ਜਾਂ AVO ਦੀ ਮਿਆਦ ਨੂੰ ਵਧਾਉਣ ਦੀ ਲੋੜ ਨਾ ਹੋਵੇ।



## ਅੰਤਰਿਮ ਆਦੇਸ਼

ਇੱਕ ਅਜਿਹਾ ਆਦੇਸ਼ ਜੋ ਅਦਾਲਤ ਦੀ ਅਗਲੀ ਸੁਣਵਾਈ ਤਾਰੀਖ਼ ਤੱਕ ਕਾਇਮ ਰਹਿੰਦਾ ਹੈ।

## ਮੈਜਿਸਟ੍ਰੇਟ

ਮੈਜਿਸਟ੍ਰੇਟ ਅਦਾਲਤ ਦੀ ਕਾਰਵਾਈ ਨੂੰ ਚਲਾਉਂਦੇ ਹਨ ਅਤੇ ਇਹ ਫ਼ੈਸਲਾ ਕਰਦੇ ਹਨ ਕਿ AVO ਜਾਰੀ ਕਰਨਾ ਹੈ ਜਾਂ ਨਹੀਂ, ਕਿਹੜੀਆਂ ਸ਼ਰਤਾਂ, ਕਿੰਨੇ ਸਮੇਂ ਤੱਕ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅਦਾਲਤ ’ਚ ਉਨ੍ਹਾਂਨੂੰ ‘ਯੋਰ ਆਨਰ’ ਕਿਹਾ ਜਾਂਦਾ ਹੈ।

## ਨਿਰਧਾਰਤ ਮਿਤੀ

ਇਹ ਉਹ ਤਾਰੀਖ਼ ਹੁੰਦੀ ਹੈ ਜਦੋਂ ਤੁਹਾਡਾ ਮਾਮਲਾ ਅਦਾਲਤ ਵਿੱਚ ਸੁਣਵਾਈ ਲਈ ਆਉਂਦਾ ਹੈ। ਜੇਕਰ ਜਵਾਬਦੇਹ AVO ਲਈ ਸਹਿਮਤ ਨਹੀਂ ਹੁੰਦਾ, ਤਾਂ ਉਸ ’ਤੇ ਕਿਸੇ ਹੋਰ ਦਿਨ ਸੁਣਵਾਈ ਹੋਵੇਗੀ। ਤੁਹਾਨੂੰ ਹਰ ਨਿਰਧਾਰਤ ਸੁਣਵਾਈ ਮਿਤੀ ਦੀ ਤਾਰੀਖ਼ ’ਤੇ ਅਦਾਲਤ ਜਾਣਾ ਚਾਹੀਦਾ ਹੈ (ਇੱਕ ਤੋਂ ਜ਼ਿਆਦਾ ਤਾਰੀਖ਼ਾਂ ਹੋ ਸਕਦੀਆਂ ਹਨ)। ਜੇਕਰ ਤੁਸੀਂ ਨਹੀਂ ਜਾ ਸਕਦੇ, ਤਾਂ ਉਨ੍ਹਾਂਨੂੰ ਦੱਸਣ ਲਈ WDVCAS ਨੂੰ ਫ਼ੋਨ ਕਰੋ।

## ਪੁਲਿਸ ਪ੍ਰੌਸੀਕਿਊਟਰ (ਸਰਕਾਰੀ ਵਕੀਲ)

ਪੁਲਿਸ ਪ੍ਰੌਸੀਕਿਊਟਰ ਪੁਲਿਸ ਵੱਲੋਂ ਅਦਾਲਤ ਨੂੰ ਜਾਣਕਾਰੀ ਦਿੰਦੇ ਹਨ, ਜਿਵੇਂ ਵਕੀਲ ਨਿੱਜੀ ਬਿਨੈਕਾਰਾਂ ਵੱਲੋਂ ਕਰਦੇ ਹਨ।

## ਨਿੱਜੀ ਅਰਜ਼ੀਆਂ

ਇਹ ਸੁਰੱਖਿਆ ਦੀ ਲੋੜ ਵਾਲੇ ਵਿਅਕਤੀ ਦੁਆਰਾ ਕੀਤੀਆਂ ਗਈਆਂ AVO ਲਈ ਅਰਜ਼ੀਆਂ ਹਨ। ਤੁਸੀਂ ਸਥਾਨਕ ਅਦਾਲਤ ਵਿੱਚ ਆਪ ਅਰਜ਼ੀ ਦੇ ਸਕਦੇ ਹੋ ਜਾਂ ਕਿਸੇ ਵਕੀਲ ਦੁਆਰਾ ਆਪਣੇ ਲਈ ਅਰਜ਼ੀ ਦਵਾ ਸਕਦੇ ਹੋ। WDVCAS ਵਕੀਲ ਲੱਭਣ ਵਿੱਚ ਤੁਹਾਡੀ ਮੱਦਦ ਕਰ ਸਕਦੀਆਂ ਹਨ।

## ਸੁਰੱਖਿਅਤ ਵਿਅਕਤੀ

ਉਹ ਵਿਅਕਤੀ ਜਿਸਦੀ ਸੁਰੱਖਿਆ ਲਈ AVO ਜਾਰੀ ਕੀਤਾ ਜਾਂਦਾ ਹੈ।

## ਅਸਥਾਈ ਆਦੇਸ਼ (PO)

ਤੁਹਾਡੀ ਅਦਾਲਤ ਦੀ ਤਾਰੀਖ਼ ਤੱਕ ਤੁਹਾਡੀ ਸੁਰੱਖਿਆ ਲਈ ਕਿਸੇ ਐਮਰਜੈਂਸੀ ਵਿੱਚ ਪੁਲਿਸ ਦੁਆਰਾ ਆਵੇਦਨ ਕੀਤਾ ਗਿਆ ਇੱਕ ਅਸਥਾਈ ਆਦੇਸ਼।

# ਉਪਯੋਗੀ ਰੈਫ਼ਰਲ

### NSW ਪੁਲਿਸ ਫੋਰਸ
ਘਰੇਲੂ ਅਤੇ ਪਰਿਵਾਰਕ ਹਿੰਸਾ ਨਾਲ ਸੰਬੰਧਿਤ ਐਮਰਜੈਂਸੀ ਸਹਾਇਤਾ
**000** ਜਾਂ ਮੋਬਾਈਲਾਂ ਤੋਂ **112**

### ਔਰਤਾਂ ਲਈ ਘਰੇਲੂ ਹਿੰਸਾ ਸੰਬੰਧੀ ਅਦਾਲਤੀ ਵਕਾਲਤ ਸੇਵਾ
ਘਰੇਲੂ ਹਿੰਸਾ ਦੀਆਂ ਸਥਿਤੀਆਂ ਵਿੱਚ ਫੱਸੀਆਂ ਹੋਈਆਂ ਔਰਤਾਂ ਲਈ ਜਾਣਕਾਰੀ, ਅਦਾਲਤੀ ਵਕਾਲਤ ਅਤੇ ਰੈਫ਼ਰਲ ਅਤੇ ADVO ਪ੍ਰਾਪਤ ਕਰਨ ਲਈ ਸਹਾਇਤਾ।
**1800 WDVCAS** ਜਾਂ **1800 938 227**

### 1800 RESPECT
ਸਲਾਹ, ਜਾਣਕਾਰੀ ਅਤੇ ਰੈਫ਼ਰਲ (24 ਘੰਟੇ, 7 ਦਿਨ)
**1800 RESPECT** ਜਾਂ **1800 737 732**

### ਘਰੇਲੂ ਹਿੰਸਾ ਲਾਈਨ NSW, ਡਿਪਾਰਟਮੈਂਟ ਆੱਫ਼ ਕਮਿਊਨਿਟੀਜ਼ ਐਂਡ ਜਸਟਿਸ
ਐਮਰਜੈਂਸੀ ਰਿਹਾਇਸ਼ ਲਈ ਸਹਾਇਤਾ ਅਤੇ ਸਲਾਹ, ਸਿਹਤ, ਅਤੇ ਕਾਨੂੰਨੀ ਸੇਵਾਵਾਂ ਲਈ ਰੈਫ਼ਰਲਸ (24 ਘੰਟੇ, 7 ਦਿਨ)
**1800 656 463**

### ਘਰੇਲੂ ਹਿੰਸਾ ਯੂਨਿਟ, ਲੀਗਲ ਏਡ NSW
ਕਾਨੂੰਨੀ ਸਲਾਹ, ਸਹਾਇਤਾ, ਰੈਫ਼ਰਲ ਅਤੇ ਨੁਮਾਇੰਦਗੀ ਦੇ ਨਾਲ-ਨਾਲ ਘਰੇਲੂ ਅਤੇ ਪਰਿਵਾਰਕ ਹਿੰਸਾ ਦੇ ਪੀੜਿਤਾਂ ਲਈ ਸਮਾਜਿਕ ਕੰਮ ਸਹਾਇਤਾ
**1800 979 529**

### ਔਰਤਾਂ ਲਈ ਕਾਨੂੰਨੀ ਸੇਵਾ NSW – DV ਕਾਨੂੰਨੀ ਸਲਾਹ ਲਾਈਨ
ਘਰੇਲੂ ਹਿੰਸਾ ਅਤੇ ਅਨੁਮਾਨਤ ਘਰੇਲੂ ਹਿੰਸਾ ਦੇ ਆਦੇਸ਼ਾਂ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ NSW ਵਿੱਚ ਔਰਤਾਂ ਲਈ ਮੁਫ਼ਤ ਗੁਪਤ ਕਾਨੂੰਨੀ ਜਾਣਕਾਰੀ, ਸਲਾਹ, ਅਤੇ ਰੈਫ਼ਰਲ।
**(02) 8745 6999** ਜਾਂ **1800 810 784**



### ਪੀੜਿਤਾਂ ਲਈ ਸੇਵਾਵਾਂ
ਜੁਰਮ ਦੇ ਪੀੜਿਤਾਂ ਲਈ ਸਮਰਥਨ ਅਤੇ ਸਹਾਇਤਾ।
**1800 633 063, 1800 019 123** (ਐਬੋਰਿਜ਼ਨਲ ਸੰਪਰਕ ਲਾਈਨ)

### ਲਾਈਫ਼ਲਾਈਨ
ਰਾਸ਼ਟਰੀ ਸੰਕਟ ਅਤੇ ਖੁਦਕੁਸ਼ੀ ਰੋਕਥਾਮ ਟੈਲੀਫ਼ੋਨ ਸਲਾਹ, (24 ਘੰਟੇ, 7 ਦਿਨ)
**13 11 14**

### Link2Home
ਪੂਰੇ NSW ਵਿੱਚ ਬੇਘਰਤਾ ਸੇਵਾਵਾਂ ਲਈ ਰੈਫ਼ਰਲ (24 ਘੰਟੇ, 7 ਦਿਨ)
**1800 152 152**

### LawAccess NSW
ਲੀਗਲ ਏਡ NSW ਦੁਆਰਾ ਚਲਾਈ ਜਾਣ ਵਾਲੀ ਇੱਕ ਮੁਫ਼ਤ ਜਾਣਕਾਰੀ ਸੇਵਾ। NSW ਵਿੱਚ ਕਾਨੂੰਨੀ ਸਮੱਸਿਆ ਵਾਲੇ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਅਤੇ ਰੈਫ਼ਰਲ ਪ੍ਰਦਾਨ ਕਰਦੀ ਹੈ। ਵੈੱਬਸਾਈਟ ’ਤੇ ਵੈੱਬ ਚੈਟ ਸੇਵਾ ਨੂੰ ਐਕਸੈਸ ਕਰੋ ਜਾਂ **1300 888 529** ’ਤੇ ਕਾਲ ਕਰੋ (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ (ਜਨਤੱਕ ਛੁੱਟੀਆਂ ਨੂੰ ਛੱਡ ਕੇ))।
www.legalaid.nsw.gov.au

### MensLine ਆਸਟ੍ਰੇਲੀਆ
ਮਰਦ ਪੀੜਿਤਾਂ ਅਤੇ ਘਰੇਲੂ ਹਿੰਸਾ ਦੇ ਦੋਸ਼ੀਆਂ ਲਈ ਫ਼ੋਨ ’ਤੇ ਸਹਾਇਤਾ ਅਤੇ ਰੈਫ਼ਰਲ
**1300 789 978**

### ਮਰਦਾਂ ਦੇ ਵਿਹਾਰ ਵਿੱਚ ਤਬਦੀਲੀ ਪ੍ਰੋਗਰਾਮ NSW
ਮਰਦਾਂ ਦੇ ਵਿਹਾਰ ਵਿੱਚ ਤਬਦੀਲੀ ਪ੍ਰੋਗਰਾਮ (MBCP) ਉਨ੍ਹਾਂ ਮਰਦਾਂ ਨਾਲ ਕੰਮ ਕਰਦੇ ਹਨ ਜੋ (ਸਾਬਕਾ) ਸਾਥੀਆਂ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਹਿੰਸਾ ਅਤੇ ਦੁਰਵਿਵਹਾਰ ਕਰਦੇ ਹਨ। ਮਾਨਤਾ ਪ੍ਰਾਪਤ ਸੇਵਾ ਪ੍ਰਦਾਤਾਵਾਂ ਦੀ ਸੂਚੀ ਲਈ ਕਮਿਊਨਿਟੀਜ਼ ਐਂਡ ਜਸਟਿਸ ਦੀ ਵੈੱਬਸਾਈਟ’ ਤੇ ਜਾਓ।
www.dcj.nsw.gov.au

## LGBTIQ ਮਾਹਰ ਸੇਵਾਵਾਂ

### ACON

NSW ਵਿੱਚ DFV ਸਮੇਤ LGBTIQ ਸਿਹਤ ਸੰਸਥਾ LGBTIQ ਲੋਕਾਂ ਲਈ ਜਾਣਕਾਰੀ, ਰੈਫ਼ਰਲ, ਸਲਾਹਕਾਰੀ, ਵਕਾਲਤ, ਅਤੇ ਵਿਹਾਰਕ ਸਹਾਇਤਾ ਦੀ ਪੇਸ਼ਕਸ਼ ਕਰ ਰਹੀ ਹੈ। **(02) 9206 2000**

www.acon.org.au

### ਇਨਰ ਸਿਟੀ ਲੀਗਲ ਸੈਂਟਰ

ਉਨ੍ਹਾਂ ਲੋਕਾਂ ਲਈ ਅਦਾਲਤੀ ਸਹਾਇਤਾ ਅਤੇ ਹੋਰ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਸਮਲਿੰਗੀ, ਲੈਸਬੀਅਨ ਜਾਂ ਬਾਇਸੈਕਸ਼ੁਅਲ ਹਨ; ਉਹ ਲੋਕ ਜੋ ਟ੍ਰਾਂਸਜੈਂਡਰ ਹਨ; ਅਤੇ ਉਹ ਲੋਕ ਜੋ ਇੰਟਰਸੈਕਸ ਹਨ ਅਤੇ ਦੁਰਵਿਵਹਾਰ ਵਾਲੇ ਰਿਸ਼ਤੇ ਦਾ ਅਨੁਭਵ ਕਰ ਰਹੇ ਹਨ ਜਾਂ ਉਸ ਤੋਂ ਬਚ ਰਹੇ ਹਨ।

**1800 244 481**

www.iclc.org.au



women's domestic violence
court advocacy services

Legal Aid
NEW SOUTH WALES

AUG 2023 / ਅਗਸਤ 2023

MNLA60746